Note:

a) Key Information on Standalone financial result are as under :-

SN	Particulars	QUARTER ENDED			SIX MONTHS ENDED		YEAR ENDED
		30.09.26 (Unaudited)	30.06.26 (Unaudited)	30.09.25 (Unaudited)	30.09.26 (Unaudited)	30.09.25 (Unaudited)	31.03.26 (Audited)
1	Total Revenue from operations (net)	93,687.89	77,538.19	71,478.91	1,71,226.08	1,37,311.31	2,81,410.77
2	Profit / (Loss) before tax	11,401.10	8,857.94	8,504.84	20,259.04	16,079.46	33,927.87
3	Net Profit / (Loss) after tax	8,417.40	6,518.57	6,378.39	14,935.97	11,983.77	25,387.76

b) The above is an extract of the detailed format of Financial Results of the Quarter and Six months ended September 30, 2026 filed with the Stock Exchanges under Regulation 33 of the SEBI (Listing Obligations and Disclosure Requirements) Regulations, 2015. The full format of Financial Results of the Quarter and Six months ended September 30, 2026 are available on the website of the Company (www.fiemindustries.com) and website of the Stock Exchanges viz. BSE Limited (www.bseindia.com) and National Stock Exchange of India Limited (www.nseindia.com).

By order of the Board
For FIEM INDUSTRIES LIMITED
Sd/-
J.K. Jain
Executive Chairman
DIN-00013356

Place: Gurugram
Dated: November 12, 2026

FIEM INDUSTRIES LTD.

Regd. Office : Unit No. 1A & 1C, First Floor, Commercial Towers, Hotel JW Marriott, Aerocity, New Delhi-110037 **Tel. :** +91-9821795327/28/29/30 **E-mail :** fiemaerocity@fiemindustries.com **Website :** http://www.fiemindustries.com **CIN : L36999DL1989PLC034928**

ਐਸਏਐਲ ਆਟੋਮੋਟਿਵ ਲਿਮਿਟਡ

CIN : L45202PB1974PLC003516
ਰਜਿ. ਦਫ਼ਤਰ: ਸੀ-127, IV ਮੰਜ਼ਿਲ, ਸਤਿਗੁਰੂ ਇਨਫੋਟੈਕ, ਫੇਜ਼-VIII,
ਇੰਡਸਟ੍ਰੀਅਲ ਏਰੀਆ, ਐਸ.ਏ.ਐਸ. ਨਗਰ (ਮੋਹਾਲੀ), ਪੰਜਾਬ-160062
ਫੋਨ: 0172-4650377, ਫੈਕਸ: 0172-4650377,
ਈ-ਮੇਲ: kaushik.gagan@salautomotive.in, ਵੈੱਬਸਾਈਟ: www.salautomotive.in

30 ਸਤੰਬਰ, 2026 ਨੂੰ ਸਮਾਪਤ ਤਿਮਾਹੀ ਅਤੇ ਛਿਮਾਹੀ ਲਈ ਆਡਿਟਰਹਿਤ ਵਿੱਤੀ ਨਤੀਜਿਆਂ ਦਾ ਸਾਰਾਂਸ਼

(₹ ਲੱਖਾਂ ਵਿੱਚ)

ਨੰ.	ਵਿਵਰਣ	ਸਮਾਪਤ ਤਿਮਾਹੀ			ਸਮਾਪਤ ਛਿਮਾਹੀ		ਸਮਾਪਤ ਸਾਲ
		30.09.2026 (ਆਡਿਟਰਹਿਤ)	30.06.2026 (ਆਡਿਟਰਹਿਤ)	30.09.2025 (ਆਡਿਟਰਹਿਤ)	30.09.2026 (ਆਡਿਟਰਹਿਤ)	30.09.2025 (ਆਡਿਟਰਹਿਤ)	31.03.2026 (ਆਡਿਟ ਕੀਤੀ)
1.	ਕੁੱਲ ਆਮਦਨੀ	12705	11610	10805	24315	20825	38675
2.	ਇਸ ਅਵਧੀ ਲਈ ਸ਼ੁੱਧ ਲਾਭ / (ਹਾਨੀ) (ਟੈਕਸ ਅਤੇ ਵਿਸ਼ੇਸ਼ ਆਈਟਮਾਂ ਤੋਂ ਪਹਿਲਾਂ)	287	282	251	569	365	647
3.	ਟੈਕਸ ਤੋਂ ਪਹਿਲਾਂ ਇਸ ਅਵਧੀ ਲਈ ਸ਼ੁੱਧ ਲਾਭ/(ਹਾਨੀ) (ਵਿਸ਼ੇਸ਼ ਆਈਟਮਾਂ ਤੋਂ ਬਾਅਦ)	287	282	251	569	365	589
4.	ਟੈਕਸ ਅਤੇ ਵਿਸ਼ੇਸ਼ ਆਈਟਮਾਂ ਤੋਂ ਬਾਅਦ ਇਸ ਅਵਧੀ ਲਈ ਸ਼ੁੱਧ ਲਾਭ / (ਹਾਨੀ)	211	205	186	416	272	426
5.	**ਇਸ ਅਵਧੀ ਲਈ ਕੁੱਲ ਵਿਆਪਕ ਆਮਦਨੀ (ਟੈਕਸ ਤੋਂ ਬਾਅਦ ਲਾਭ ਅਤੇ ਟੈਕਸ ਤੋਂ ਬਾਅਦ ਹੋਰ ਵਿਆਪਕ ਆਮਦਨੀ ਸਮੇਤ)**	**211**	**205**	**186**	**416**	**272**	**429**
6.	ਪੇਡ-ਅੱਪ ਇਕਵਿਟੀ ਸ਼ੇਅਰ ਪੂੰਜੀ (ਅੰਕਿਤ ਮੁੱਲ ₹10/-)	-	-	-	-	-	480
7.	ਹੋਰ ਇਕਵਿਟੀ	-	-	-	-	-	4132
8.	**ਟੈਕਸ ਤੋਂ ਬਾਅਦ ਸ਼ੁੱਧ ਲਾਭ 'ਤੇ ਪ੍ਰਤੀ ਸ਼ੇਅਰ ਕਮਾਈ (ਸਾਲਾਨਾ ਨਹੀਂ)**						
	- ਬੇਸਿਕ	**₹4.39**	**₹ 4.28**	**₹ 3.87**	**₹ 8.67**	**₹ 5.66**	**₹ 8.95**
	- ਡਾਈਲਿਊਟਿਡ	**₹4.39**	**₹ 4.28**	**₹ 3.87**	**₹ 8.67**	**₹ 5.66**	**₹ 8.95**

ਨੋਟ:

1. ਉਪਰੋਕਤ ਵਿੱਤੀ ਨਤੀਜਿਆਂ ਦੀ ਆਡਿਟ ਕਮੇਟੀ ਵੱਲੋਂ ਸਮੀਖਿਆ ਕੀਤੀ ਗਈ ਅਤੇ ਇਸ ਤੋਂ ਬਾਅਦ 12 ਨਵੰਬਰ, 2026 ਨੂੰ ਗਾਜ਼ੀਆਬਾਦ ਵਿਖੇ ਹੋਈ ਡਾਇਰੈਕਟਰਾਂ ਦੇ ਬੋਰਡ ਦੀ ਮੀਟਿੰਗ ਵਿੱਚ ਇਨ੍ਹਾਂ ਨੂੰ ਮਨਜ਼ੂਰੀ ਦਿੱਤੀ ਗਈ। ਵਿਧਾਨਕ ਆਡਿਟਰਾਂ ਵੱਲੋਂ ਉਪਰੋਕਤ ਵਿੱਤੀ ਨਤੀਜਿਆਂ ਦੀ ਸੀਮਤ ਸਮੀਖਿਆ ਕੀਤੀ ਗਈ ਹੈ।
2. ਉਪਰੋਕਤ ਸੇਬੀ (ਸੂਚੀਕਰਨ ਜ਼ਿੰਮੇਵਾਰੀਆਂ ਅਤੇ ਖੁਲਾਸਾ ਜ਼ਰੂਰਤਾਂ) ਨਿਯਮ, 2015 ਦੇ ਨਿਯਮ 33 ਦੇ ਤਹਿਤ ਸਟਾਕ ਐਕਸਚੇਂਜ ਕੋਲ ਦਾਇਰ ਕੀਤੇ ਗਏ ਤਿਮਾਹੀ ਵਿੱਤੀ ਨਤੀਜਿਆਂ ਦੇ ਵਿਸਤ੍ਰਿਤ ਫਾਰਮੈਟ ਦਾ ਇੱਕ ਸਾਰਾਂਸ਼ ਹੈ। ਤਿਮਾਹੀ ਵਿੱਤੀ ਨਤੀਜਿਆਂ ਦਾ ਪੂਰਾ ਫਾਰਮੈਟ ਸਟਾਕ ਐਕਸਚੇਂਜ ਦੀ ਵੈੱਬਸਾਈਟ www.bseindia.com ਅਤੇ ਕੰਪਨੀ ਦੀ ਵੈੱਬਸਾਈਟ https://salautomotive.in/quarterly-results/ 'ਤੇ ਉਪਲੱਬਧ ਹੈ।
ਕੰਪਨੀ ਦੀ ਵੈੱਬਸਾਈਟ 'ਤੇ ਵਿੱਤੀ ਨਤੀਜਿਆਂ ਤੱਕ ਪਹੁੰਚ ਕਰਨ ਲਈ ਹੇਠਾਂ ਦਿੱਤੇ ਕਿਊ ਆਰ ਕੋਡ ਨੂੰ ਸਕੈਨ ਕਰੋ।

ਸਥਾਨ: ਗਾਜ਼ੀਆਬਾਦ
ਮਿਤੀ: 12 ਨਵੰਬਰ, 2026

www.salautomotive.in

ਰਮਾ ਕਾਂਤ ਸ਼ਰਮਾ
(ਮੈਨੇਜਿੰਗ ਡਾਇਰੈਕਟਰ)



ਸ੍ਰੀ ਚਮਕੌਰ ਸਾਹਿਬ ਵਿਖੇ ਰੋਸ ਪ੍ਰਦਰਸ਼ਨ ਕਰ ਰਹੇ 'ਆਪ' ਦੇ ਹਲਕਾ ਇੰਚਾਰਜ ਜਸਵੀਰ ਸਿੰਘ ਗੜ੍ਹੀ ਅਤੇ ਸਾਹਮਣੇ ਕਾਂਗਰਸੀਆਂ ਨੂੰ ਅੱਗੇ ਲੰਘਾ ਰਹੀ ਪੁਲਿਸ। ਤਸਵੀਰਾਂ : ਜਗਮੋਹਣ ਸਿੰਘ ਨਾਰੰਗ

ਜਵਾਨੀ ਸੰਭਾਲ ਯਾਤਰਾ ਦਾ ਗੜ੍ਹੀ ਦੀ ਅਗਵਾਈ ਹੇਠ ਜ਼ਬਰਦਸਤ ਵਿਰੋਧ

ਦੋਵੇਂ ਪਾਸਿਓਂ ਹੋਈ ਨਾਅਰੇਬਾਜ਼ੀ, ਪੁਲਿਸ ਨੇ ਸਥਿਤੀ ਸੰਭਾਲੀ

ਸ੍ਰੀ ਚਮਕੌਰ ਸਾਹਿਬ, 12 ਨਵੰਬਰ (ਜਗਮੋਹਣ ਸਿੰਘ ਨਾਰੰਗ)-ਅੱਜ ਉਦੋਂ ਸਥਿਤੀ ਤਣਾਅਪੂਰਣ ਬਣ ਗਈ ਜਦੋਂ ਸਮੁੱਚੀ ਕਾਂਗਰਸ ਲੀਡਰਸ਼ਿਪ ਸਥਾਨਕ ਸਟੇਡੀਅਮ 'ਚੋਂ ਰੈਲੀ ਖ਼ਤਮ ਕਰਕੇ ਸਾਈਕਲ ਯਾਤਰਾ ਨੂੰ ਹਰੀ ਝੰਡੀ ਵਿਖਾ ਕੇ ਰਵਾਨਾ ਕਰਨ ਲਈ ਬੂਰੜੇ ਚੌਕ ਵਿਚ ਜਾ ਰਹੀ ਸੀ ਤਾਂ ਸਿਟੀ ਸੈਂਟਰ ਦੇ ਗੇਟ 'ਤੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਜਸਵੀਰ ਸਿੰਘ ਗੜ੍ਹੀ ਆਪਣੇ ਸਮਰਥਕਾਂ ਨਾਲ ਕਾਲੀਆਂ ਝੰਡੀਆਂ ਲੈ ਕੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਖਿਲਾਫ ਨਾਅਰੇਬਾਜ਼ੀ ਕਰਨ ਲੱਗ ਪਏ, ਦੂਜੇ ਪਾਸੇ ਕਾਂਗਰਸੀ ਨੌਜਵਾਨ ਵੀ ਤੈਸ਼ ਵਿਚ ਆ ਕੇ ਗੜ੍ਹੀ ਖਿਲਾਫ ਬੋਲਣ ਲੱਗ ਪਏ ਪਰ ਮੌਕੇ 'ਤੇ ਤਾਇਨਾਤ ਪੁਲਿਸ ਨੇ ਕਾਂਗਰਸੀਆਂ ਦਾ ਕਾਫ਼ਲਾ ਅੱਗੇ ਤੋਰਿਆ। ਕਾਫਲੇ ਵਿਚ ਸਚਿਨ ਪਾਇਲਟ, ਪਰਗਟ ਸਿੰਘ, ਪ੍ਰਤਾਪ ਸਿੰਘ ਬਾਜਵਾ, ਚੰਨੀ ਅਤੇ ਹੋਰ ਆਗੂ ਵੀ ਹਾਜ਼ਰ ਸਨ। ਭਾਵੇਂ ਗੜ੍ਹੀ ਸਵੇਰ ਤੋਂ ਹੀ ਸ੍ਰੀ ਚਮਕੌਰ ਸਾਹਿਬ ਦੇ ਮੁੱਖ ਮਾਰਗ 'ਤੇ ਸਿਟੀ ਸੈਂਟਰ ਵਿਚ ਕਾਲੀਆਂ ਝੰਡੀਆਂ ਲੈ ਕੇ ਵਿਰੋਧ ਪ੍ਰਦਰਸ਼ਨ ਕਰ ਰਹੇ ਸਨ ਤੇ ਪੁਲਿਸ ਨੇ ਗੜ੍ਹੀ ਨੂੰ ਪ੍ਰਦਰਸ਼ਨ ਨਾ ਕਰਨ ਦੀ ਵਾਰ ਵਾਰ ਅਪੀਲ ਕੀਤੀ ਪਰ ਉਨ੍ਹਾਂ ਦਾ ਪ੍ਰਦਰਸ਼ਨ ਚੰਨੀ ਦੇ ਸਮਾਗਮ ਦੀ ਸਮਾਪਤੀ ਤੱਕ ਜਾਰੀ ਰਿਹਾ। ਇਸ ਦੌਰਾਨ ਗੜ੍ਹੀ ਨੇ ਕਿਹਾ ਕਿ ਚੰਨੀ ਖੁਦ ਨਸ਼ਿਆਂ ਲਈ ਜ਼ਿੰਮੇਵਾਰ ਹਨ, ਫਿਰ ਨਸ਼ਿਆਂ ਖਿਲਾਫ਼ ਰੈਲੀ ਕਿਉਂ ਕਰ ਰਹੇ ਹਨ। ਉਨ੍ਹਾਂ ਇਹ ਵੀ ਸਵਾਲ ਉਠਾਇਆ ਕਿ ਚੰਨੀ ਨੇ 2000 ਸਾਈਕਲ ਯਾਤਰਾ ਵਿਚ ਸ਼ਾਮਿਲ ਹੋਏ ਵਰਕਰਾਂ ਨੂੰ ਦਿੱਤੇ ਹਨ ਜੇਕਰ ਚੰਨੀ ਗਰੀਬ ਹਨ ਤਾਂ ਕਰੋੜਾਂ ਰੁਪਏ ਕਿਥੋਂ ਆਏ। ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਅਮਨਦੀਪ ਸਿੰਘ ਮਾਂਗਟ, ਪੰਚਾਇਤ ਯੂਨੀਅਨ ਦੇ ਪ੍ਰਧਾਨ ਕਾਕਾ ਜਟਾਣਾ, ਜਿੰਦੂ ਖੇਖਰਾਂ, ਜੱਗਾ ਗਿੱਲ, ਭਾਗ ਸਿੰਘ ਇਟਲੀ ਵੀ ਮੌਜੂਦ ਸਨ।

ਪਾਕਿ ਵਿਦੇਸ਼ ਮੰਤਰੀ ਮੰਤਰੀ ਦੇ ਪੋਤੇ ਸਮੇਤ 8 ਮੁਲਜ਼ਮਾਂ 'ਤੇ ਸਮੂਹਿਕ ਜਬਰ ਜਨਾਹ ਕਰਨ ਦੇ ਦੋਸ਼ ਆਇਦ

ਅੰਮ੍ਰਿਤਸਰ, 12 ਨਵੰਬਰ (ਸੁਰਿੰਦਰ ਕੋਛੜ)-ਪਾਕਿਸਤਾਨ ਦੀ ਇਕ ਅਦਾਲਤ ਨੇ ਨੀਦਰਲੈਂਡ ਦੀ ਸਟੈਫਨੀ ਅਦਨਾਨਾ ਮਾਊ ਅਰੁਣ ਅਤੇ ਵੈਨੇਜ਼ੁਏਲਾ ਦੀ ਐਸਟ੍ਰਿਡ ਰੌਬਿਨਸਨ ਬਾਰਾਕੋ ਨੂੰ ਅਗਵਾ ਕਰਨ ਅਤੇ ਉਨ੍ਹਾਂ ਨਾਲ ਸਮੂਹਿਕ ਜਬਰ ਜਨਾਹ ਕਰਨ ਦੇ ਮਾਮਲੇ 'ਚ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਇਸਹਾਕ ਡਾਰ ਦੇ ਪੋਤੇ ਮੁਹੰਮਦ ਰਜ਼ਾ ਡਾਰ ਸਮੇਤ 8 ਮੁਲਜ਼ਮਾਂ ਖ਼ਿਲਾਫ਼ ਦੋਸ਼ ਆਇਦ ਕੀਤੇ ਹਨ। ਹਾਲਾਂਕਿ, ਸਾਰੇ ਮੁਲਜ਼ਮਾਂ ਨੇ ਖ਼ੁਦ ਨੂੰ ਬੇਕਸੂਰ ਦੱਸਿਆ ਹੈ। ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ ਦੌਰਾਨ 9 ਦਸੰਬਰ ਨੂੰ ਗਵਾਹ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਹਨ। ਮੁਲਜ਼ਮ ਰਜ਼ਾ, ਡਾਰ 'ਤੇ ਦੋਸ਼ ਹੈ ਕਿ ਕ੍ਰਿਪਟੋਕਰੰਸੀ ਕਾਰੋਬਾਰ 'ਚ ਨਿਵੇਸ਼ ਨੂੰ ਲੈ ਕੇ ਹੋਏ ਵਿਵਾਦ ਤੋਂ ਬਾਅਦ ਉਸ ਨੇ ਉਕਤ ਦੋਵੇਂ ਵਿਦੇਸ਼ੀ ਔਰਤਾਂ ਨੂੰ ਪਾਕਿ ਬੁਲਾਇਆ ਸੀ। ਪੁਲਿਸ ਰਿਪੋਰਟ ਅਨੁਸਾਰ ਵਿਦੇਸ਼ੀ ਔਰਤਾਂ ਦੀ ਮੁਲਾਕਾਤ 2025 'ਚ ਸਿੰਗਾਪੁਰ ਵਿਖੇ ਰਜ਼ਾ ਡਾਰ ਨਾਲ ਹੋਈ ਸੀ। ਦੋਵੇਂ ਔਰਤਾਂ ਕ੍ਰਿਪਟੋਕਰੰਸੀ ਦਾ ਕਾਰੋਬਾਰ ਕਰਦੀਆਂ ਸਨ ਅਤੇ ਉਨ੍ਹਾਂ ਨੇ ਰਜ਼ਾ ਨੂੰ ਆਪਣੇ ਕਾਰੋਬਾਰ 'ਚ ਨਿਵੇਸ਼ ਕਰਨ ਦੀ ਪੇਸ਼ਕਸ਼ ਕੀਤੀ ਸੀ। ਰਜ਼ਾ ਨੇ ਸ਼ੁਰੂਆਤ 'ਚ ਪੈਸਾ ਲਗਾਇਆ ਤਾਂ ਉਸ ਨੂੰ ਚੰਗਾ ਮੁਨਾਫ਼ਾ ਹੋਇਆ। ਇਸ ਤੋਂ ਬਾਅਦ ਉਸ ਨੂੰ ਨਾ ਤਾਂ ਮੁਨਾਫ਼ਾ ਮਿਲਿਆ ਅਤੇ ਨਾ ਹੀ ਮੂਲ ਰਕਮ ਵਾਪਸ ਕੀਤੀ ਗਈ। ਇਸ ਸਾਲ ਜੂਨ 'ਚ ਰਜ਼ਾ ਡਾਰ ਨੇ ਦੋਵਾਂ ਔਰਤਾਂ ਨੂੰ ਪਾਕਿ ਬੁਲਾਇਆ ਤੇ ਉਨ੍ਹਾਂ ਨੂੰ ਲਾਹੌਰ ਦੇ ਡਿਫੈਂਸ ਹਾਊਸਿੰਗ ਅਥਾਰਿਟੀ ਇਲਾਕੇ ਦੇ ਇਕ ਘਰ 'ਚ ਲਿਜਾਇਆ ਗਿਆ। ਦੋਸ਼ ਹੈ ਕਿ ਉਥੇ ਉਨ੍ਹਾਂ ਨੂੰ ਬੰਦੀ ਬਣਾ ਕੇ ਉਨ੍ਹਾਂ ਕੋਲੋਂ ਜ਼ਬਰਦਸਤੀ 19,500 ਡਾਲਰ ਤਬਦੀਲ ਕਰਵਾਏ ਗਏ ਅਤੇ ਉਨ੍ਹਾਂ ਨਾਲ ਜਬਰ ਜਨਾਹ ਕੀਤਾ ਗਿਆ।



ਅਦਾਲਤ 'ਚ ਪੇਸ਼ੀ ਮੌਕੇ ਮੁਹੰਮਦ ਰਜ਼ਾ ਡਾਰ ਤੇ ਉਸ ਦੇ ਸਾਥੀ। ਤਸਵੀਰ ਰਾਹੀਂ : ਸੁਰਿੰਦਰ ਕੋਛੜ



ਖਨੌਰੀ ਨਗਰ ਪੰਚਾਇਤ ਦਫ਼ਤਰ ਵਿਖੇ ਕੌਮੀ ਸਫ਼ਾਈ ਕਰਮਚਾਰੀ ਕਮਿਸ਼ਨ ਦੇ ਵਾਈਸ ਚੇਅਰਮੈਨ ਹਰਦੀਪ ਸਿੰਘ ਗਿੱਲ ਗੱਲਬਾਤ ਕਰਦੇ ਹੋਏ। ਤਸਵੀਰ : ਬਲਵਿੰਦਰ ਸਿੰਘ ਬਿੰਦ

ਗਟਰਾਂ 'ਚ ਉੱਤਰ ਕੇ ਸਫ਼ਾਈ ਕਰਵਾਉਣ ਅਤੇ ਹੱਥੀਂ ਗੰਦਗੀ ਚੁਕਵਾਉਣ 'ਤੇ ਸਖ਼ਤ ਪਾਬੰਦੀ-ਹਰਦੀਪ ਸਿੰਘ ਗਿੱਲ

ਖਨੌਰੀ (ਸੰਗਰੂਰ), 12 ਨਵੰਬਰ (ਬਲਵਿੰਦਰ ਸਿੰਘ ਥਿੰਦ)-ਭਾਰਤ ਸਰਕਾਰ ਦੇ ਕੌਮੀ ਸਫ਼ਾਈ ਕਰਮਚਾਰੀ ਕਮਿਸ਼ਨ ਦੇ ਵਾਈਸ ਚੇਅਰਮੈਨ ਹਰਦੀਪ ਸਿੰਘ ਗਿੱਲ ਵਲੋਂ ਅੱਜ ਖਨੌਰੀ ਦਾ ਵਿਸ਼ੇਸ਼ ਦੌਰਾ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਸਫ਼ਾਈ ਸੇਵਕਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਦਰਪੇਸ਼ ਸਮੱਸਿਆਵਾਂ ਅਤੇ ਹੱਕੀ ਮੰਗਾਂ ਬਾਰੇ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਐੱਸ.ਡੀ.ਐੱਮ. ਮੂਨਕ ਮੈਡਮ ਪ੍ਰਗਤੀ ਵੀ ਮੌਜੂਦ ਸਨ। ਮੀਟਿੰਗ ਦੌਰਾਨ ਗਿੱਲ ਨੇ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਦੇ ਹੱਲ ਲਈ ਯਤਨ ਕਰਨ ਦਾ ਭਰੋਸਾ ਦਿੱਤਾ। ਸਫ਼ਾਈ ਕਰਮਚਾਰੀਆਂ ਦੀ ਜਾਨ ਅਤੇ ਸਿਹਤ ਦੀ ਸੁਰੱਖਿਆ ਨੂੰ ਸਭ ਤੋਂ ਅਹਿਮ ਦੱਸਦਿਆਂ ਹਰਦੀਪ ਸਿੰਘ ਗਿੱਲ ਨੇ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਕਿ ਕਿਸੇ ਵੀ ਸਫ਼ਾਈ ਸੇਵਕ ਨੂੰ ਗਟਰ ਜਾਂ ਸੀਵਰੇਜ ਵਿਚ ਉਤਾਰ-ਕੇ ਸਫ਼ਾਈ ਨਾ ਕਰਵਾਈ ਜਾਵੇ ਅਤੇ ਨਾ ਹੀ ਕਿਸੇ ਕਰਮਚਾਰੀ ਤੋਂ ਹੱਥਾਂ ਨਾਲ ਨਾਲੀਆਂ ਵਿਚੋਂ ਗੰਦਗੀ ਕਢਵਾਈ ਜਾਵੇ। ਉਨ੍ਹਾਂ ਸਪੱਸ਼ਟ ਕੀਤਾ ਕਿ ਸੁਪਰੀਮ ਕੋਰਟ ਵਲੋਂ ਇਸ ਸਬੰਧੀ ਸਖ਼ਤ ਨਿਰਦੇਸ਼ ਜਾਰੀ ਕੀਤੇ ਗਏ ਹਨ ਅਤੇ ਕਰਮਚਾਰੀਆਂ ਦੀ ਸੁਰੱਖਿਆ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਮੀਟਿੰਗ ਵਿਚੋਂ ਨਗਰ ਪੰਚਾਇਤ ਖਨੌਰੀ ਦੇ ਕਾਰਜ ਸਾਧਕ ਅਫ਼ਸਰ (ਈ.ਓ.) ਅਤੇ ਅਕਾਊਂਟੈਂਟ ਦੇ ਗੈਰ-ਹਾਜ਼ਰ ਰਹਿਣ ਦਾ ਵੀ ਵਾਈਸ ਚੇਅਰਮੈਨ ਵਲੋਂ ਗੰਭੀਰ ਨੋਟਿਸ ਲਿਆ ਗਿਆ। ਉਨ੍ਹਾਂ ਸਬੰਧਿਤ ਪ੍ਰਸ਼ਾਸਨ ਨੂੰ ਦੋਵਾਂ ਅਧਿਕਾਰੀਆਂ ਦੀ ਗੈਰ-ਹਾਜ਼ਰੀ ਸਬੰਧੀ ਕਾਰਨ ਦੱਸੋ ਨੋਟਿਸ ਜਾਰੀ ਕਰਨ ਅਤੇ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਜਨਰਲ ਸਕੱਤਰ ਰਾਂਝਾ ਬਖ਼ਸ਼ੀ, ਮਾਸਟਰ ਕਲੀ ਰਾਮ ਫਾਊਂਡੇਸ਼ਨ ਦੇ ਮੁਖੀ ਹਾਰਦਿਕ ਨੈਨ ਗੁਲਾੜੀ, ਭਾਜਪਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਬਲਜੀਤ ਸਿੰਘ ਬੋਪੁਰ, ਨਗਰ ਪੰਚਾਇਤ ਖਨੌਰੀ ਦੀ ਪ੍ਰਧਾਨ ਗੀਤੂ ਰਾਣੀ, ਸੈਨੇਟਰੀ ਇੰਸਪੈਕਟਰ ਨਰਿੰਦਰ ਕੁਮਾਰ, ਹਰਦੀਪ ਸਿੰਘ, ਸਫ਼ਾਈ ਸੇਵਕ ਯੂਨੀਅਨ ਦੇ ਪ੍ਰਧਾਨ ਰੌਬਿਨ ਸਿੰਘ, ਕਰਮਵੀਰ ਸਿੰਘ ਮੰਜ਼ਲ, ਗਿਆਨ ਚੰਦ ਬੁਤਰਾਣਾ, ਸੀਬਾ ਰਾਮ ਬੁਤਰਾਣਾ, ਸ਼ੀਸ਼ਪਾਲ ਬੁਤਰਾਣਾ ਸਮੇਤ ਹੋਰ ਪਤਵੰਤੇ ਸੱਜਣ ਅਤੇ ਸਫ਼ਾਈ ਕਰਮਚਾਰੀ ਹਾਜ਼ਰ ਸਨ।



ਜਾਣਕਾਰੀ ਦਿੰਦੇ ਹੋਏ ਪ੍ਰੀਤ ਗਰੁੱਪ ਦੇ ਡਾਇਰੈਕਟਰ ਗੁਰਪ੍ਰੀਤ ਸਿੰਘ, ਗੁਰਚਰਨ ਸਿੰਘ ਤੇ ਹੋਰ। ਅਜੀਤ ਤਸਵੀਰ

ਪ੍ਰੀਤ ਗਰੁੱਪ ਨਾਭਾ ਨੇ ਇਟਲੀ ਵਿਖੇ ਯੂਰਪੀ ਬਾਜ਼ਾਰ 'ਚ ਉਤਾਰੀ 'ਐਵੇਂਜਰ' ਟਰੈਕਟਰਾਂ ਦੀ ਨਵੀਂ ਲੜੀ

ਨਾਭਾ (ਪਟਿਆਲਾ),12 ਨਵੰਬਰ (ਜਗਨਾਰ ਸਿੰਘ ਦੁਲੱਦੀ)-ਭਾਰਤੀ ਖੇਤੀਬਾੜੀ ਮਸ਼ੀਨਰੀ ਉਦਯੋਗ 'ਚ ਆਪਣੀ ਵਿਸ਼ੇਸ਼ ਪਛਾਣ ਸਥਾਪਤ ਕਰ ਚੁੱਕੇ ਪ੍ਰੀਤ ਗਰੁੱਪ ਨੇ ਕੌਮਾਂਤਰੀ ਪੱਧਰ 'ਤੇ ਇੱਕ ਹੋਰ ਵੱਡੀ ਉਪਲਬਧੀ ਹਾਸਲ ਕਰਦਿਆਂ ਇਟਲੀ ਵਿਖੇ ਆਯੋਜਿਤ ਵਿਸ਼ਵ ਪ੍ਰਸਿੱਧ ਖੇਤੀਬਾੜੀ ਮਸ਼ੀਨਰੀ ਪ੍ਰਦਰਸ਼ਨੀ ਦੌਰਾਨ ਯੂਰਪੀ ਬਾਜ਼ਾਰ ਵਿਚ ਆਪਣੇ 'ਐਵੇਂਜਰ' ਟਰੈਕਟਰਾਂ ਦੀ ਨਵੀਂ ਲੜੀ ਲਾਂਚ ਕੀਤੀ ਹੈ। ਪ੍ਰੀਤ ਕੰਬਾਈਨ ਤੇ ਟ੍ਰੈਕਟਰ ਨਿਰਮਾਤਾ ਕੰਪਨੀ ਦੇ ਡਾਇਰੈਕਟਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪ੍ਰੀਤ ਕੰਪਨੀ ਵਲੋਂ 35 ਤੋਂ ਲੈ ਕੇ 110 ਹਾਰਸ ਪਾਵਰ ਤੱਕ ਦੀ ਸਮਰੱਥਾ ਵਾਲੇ ਵੱਖ-ਵੱਖ ਮਾਡਲ ਪੇਸ਼ ਕੀਤੇ ਗਏ ਹਨ, ਜੋ ਆਧੁਨਿਕ ਤਕਨੀਕ, ਬਿਹਤਰ ਕਾਰਗੁਜ਼ਾਰੀ ਅਤੇ ਭਰੋਸੇਯੋਗਤਾ ਦਾ ਸੁਮੇਲ ਹਨ। ਉਨ੍ਹਾਂ ਦੱਸਿਆ ਕਿ ਨਵੀਂ ਐਵੇਂਜਰ ਸੀਰੀਜ਼ ਵਿਚ ਬੀ ਐਸ-5 ਇੰਜਣਾਂ ਨਾਲ ਲੈਸ ਟ੍ਰੈਕਟਰ ਪੇਸ਼ ਕੀਤੇ ਗਏ ਹਨ। ਪ੍ਰੀਤ ਗਰੁੱਪ ਦੇ ਜਨਰਲ ਮੈਨੇਜਰ ਰਾਜੀਵ ਕੌਸ਼ਲ ਨੇ ਦੱਸਿਆ ਕਿ ਇਸ ਲਾਂਚ ਨਾਲ ਪ੍ਰੀਤ ਗਰੁੱਪ ਨੇ ਯੂਰਪ ਵਿਚ ਆਪਣੀ ਮੌਜੂਦਗੀ ਨੂੰ ਹੋਰ ਮਜ਼ਬੂਤ ਕਰਨ ਵੱਲ ਅਹਿਮ ਕਦਮ ਪੁੱਟਿਆ ਹੈ। ਰਾਜੀਵ ਕੌਸ਼ਲ ਨੇ ਦੱਸਿਆ ਕਿ ਕੰਪਨੀ ਹੁਣ ਤੱਕ 47 ਦੇਸ਼ਾਂ 'ਚ ਆਪਣੇ ਗਾਹਕਾਂ ਤੱਕ ਪਹੁੰਚ ਬਣਾ ਚੁੱਕੀ ਹੈ। ਈਆਈਐਮਏ-2026 ਵਿਚ ਐਵੇਂਜਰ ਸੀਰੀਜ਼ ਦੀ ਸ਼ੁਰੂਆਤ ਨੂੰ ਕੰਪਨੀ ਦੇ ਵਿਸ਼ਵ ਪੱਧਰੀ ਵਿਸਥਾਰ ਅਤੇ ਭਾਰਤੀ ਖੇਤੀਬਾੜੀ ਮਸ਼ੀਨਰੀ ਉਦਯੋਗ ਲਈ ਇਕ ਮਹੱਤਵਪੂਰਨ ਪ੍ਰਾਪਤੀ ਵਜੋਂ ਦੇਖਿਆ ਜਾ ਰਿਹਾ ਹੈ। ਇਸ ਮੌਕੇ ਗੁਰਪ੍ਰੀਤ ਸਿੰਘ, ਗੁਰਚਰਨ ਸਿੰਘ, ਸਰਬਜੀਤ ਸਿੰਘ, ਹਨਦੀਪ ਸਿੰਘ (ਸਾਰੇ ਡਾਇਰੈਕਟਰ) ਆਦਿ ਮੌਜੂਦ ਸਨ।

ਪਸ਼ੂ ਫੀਡ ਤੇ ਚਾਰੇ ਦੀਆਂ ਕੀਮਤਾਂ 'ਚ ਭਾਰੀ ਵਾਧੇ ਨੇ ਡੇਅਰੀ ਧੰਦੇ 'ਤੇ ਪੈਦਾ ਕੀਤਾ ਸੰਕਟ

ਖਰਚਿਆਂ ਦੇ ਮੁਕਾਬਲੇ ਦੁੱਧ ਉਤਪਾਦਨ ਬਣ ਰਿਹਾ ਘਾਟੇ ਦਾ ਸੌਦਾ

ਦੀਨਾਨਗਰ (ਗੁਰਦਾਸਪੁਰ), 12 ਨਵੰਬਰ (ਸ਼ਾਮ ਸਿੰਘ ਘੁੰਮਣ)-ਖੇਤੀਬਾੜੀ ਤੋਂ ਬਾਅਦ ਪੰਜਾਬ ਦੇ ਕਿਸਾਨਾਂ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਮੰਨੇ ਜਾਂਦੇ ਸਹਾਇਕ ਧੰਦੇ 'ਡੇਅਰੀ ਫਾਰਮਿੰਗ' 'ਤੇ ਇਸ ਵੇਲੇ ਸੰਕਟ ਦੇ ਬੱਦਲ ਮੰਡਰਾ ਰਹੇ ਹਨ। ਪਿਛਲੇ ਕੁਝ ਸਮੇਂ ਦੌਰਾਨ ਪਸ਼ੂ ਫੀਡ, ਖਲ, ਚੂਰੀ ਤੇ ਤੂੜੀ ਦੀਆਂ ਕੀਮਤਾਂ ਵਿਚ ਹੋਏ ਬੇਤਹਾਸ਼ਾ ਵਾਧੇ ਨੇ ਪਸ਼ੂ ਪਾਲਕਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਹਾਲਾਤ ਇਹ ਬਣ ਗਏ ਹਨ ਕਿ ਦੁੱਧ ਉਤਪਾਦਨ ਹੁਣ ਲਾਹੇਵੰਦ ਧੰਦਾ ਨਾ ਰਹਿ ਕੇ ਘਾਟੇ ਦਾ ਸੌਦਾ ਬਣਦਾ ਜਾ ਰਿਹਾ ਹੈ। ਬਾਜ਼ਾਰੀ ਅੰਕੜਿਆਂ ਮੁਤਾਬਿਕ ਪਸ਼ੂ ਖੁਰਾਕ ਤਿਆਰ ਕਰਨ ਵਿਚ ਵਰਤੇ ਜਾਂਦੇ ਮੁੱਖ ਕੱਚੇ ਮਾਲ, ਖ਼ਾਸ ਕਰਕੇ ਮੱਕੀ, ਸੋਇਆਬੀਨ, ਟੋਟਾ ਚੌਲ ਅਤੇ ਖਲਾਂ ਦੀਆਂ ਕੀਮਤਾਂ ਅਸਮਾਨੀ ਚੜ੍ਹ ਗਈਆਂ ਹਨ। ਕਮਜ਼ੋਰ ਮੌਨਸੂਨ ਕਾਰਨ ਮੱਕੀ ਦੀ ਪੈਦਾਵਾਰ ਘੱਟਣ ਅਤੇ ਈਥਾਨੌਲ ਉਦਯੋਗ ਵਲੋਂ ਮੱਕੀ ਦੀ ਵਧਦੀ ਖ਼ਪਤ ਸਦਕਾ ਇਸ ਦੇ ਭਾਅ ਰਿਕਾਰਡ ਪੱਧਰ 'ਤੇ ਪਹੁੰਚ ਗਏ ਹਨ। ਮੱਕੀ ਦਾ ਭਾਅ ਜੋ ਕੁਝ ਸਮਾਂ ਪਹਿਲਾਂ 2300 ਤੋਂ 2700 ਰੁਪਏ ਪ੍ਰਤੀ ਕੁਇੰਟਲ ਸੀ, ਉਹ ਹੁਣ ਵੱਧ ਕੇ 3100 ਤੋਂ 3600 ਰੁਪਏ ਪ੍ਰਤੀ ਕੁਇੰਟਲ ਤੱਕ ਜਾ ਪਹੁੰਚਿਆ ਹੈ। ਇਸ ਦਾ ਸਿੱਧਾ ਅਸਰ ਕੰਪਾਊਂਡ ਕੈਟਲ ਫੀਡ 'ਤੇ ਪਿਆ ਹੈ, 50 ਕਿੱਲੋ ਦੇ ਥੈਲੇ ਦੀ ਕੀਮਤ ਵਿਚ 100 ਤੋਂ 150 ਰੁਪਏ ਤੱਕ ਦਾ ਵਾਧਾ ਹੋਇਆ ਹੈ। ਦੂਜੇ ਪਾਸੇ ਪਸ਼ੂ ਪਾਲਕਾਂ ਨੂੰ ਸੁੱਕੇ ਚਾਰੇ ਦੀ ਮਹਿੰਗਾਈ ਦੀ ਦੋਹਰੀ ਮਾਰ ਝੱਲਣੀ ਪੈ ਰਹੀ ਹੈ। ਪੰਜਾਬ ਵਿਚ ਵੱਖ-ਵੱਖ ਉਦਯੋਗਾਂ ਅਤੇ ਭੱਠਿਆਂ ਵਲੋਂ ਬਾਲਣ ਵਜੋਂ ਤੂੜੀ ਦੀ ਅੰਨ੍ਹੇਵਾਹ ਵਰਤੋਂ ਕੀਤੇ ਜਾਣ ਕਾਰਨ ਤੂੜੀ ਦੀ ਭਾਰੀ ਕਿੱਲਤ ਪੈਦਾ ਹੋ ਗਈ ਹੈ, ਜਿਹੜੀ ਤੂੜੀ ਆਮ ਦਿਨਾਂ ਵਿਚ 400 ਤੋਂ 500 ਰੁਪਏ ਪ੍ਰਤੀ ਕੁਇੰਟਲ ਮਿਲ ਜਾਂਦੀ ਸੀ, ਉਸ ਦੇ ਭਾਅ ਹੁਣ 900 ਤੋਂ 1200 ਰੁਪਏ ਪ੍ਰਤੀ ਕੁਇੰਟਲ ਤੱਕ ਪਹੁੰਚ ਗਏ ਹਨ।ਅਗਾਂਹਵਧੂ ਪਸ਼ੂ ਪਾਲਕਾਂ ਜਗਰੂਪ ਸਿੰਘ, ਗੁਰਚਰਨ ਸਿੰਘ ਅਤੇ ਭੋਲਾ ਸਿੰਘ ਨੇ ਦੱਸਿਆ ਕਿ ਦੁੱਧ ਪੈਦਾ ਕਰਨ ਦੀ ਕੁੱਲ ਲਾਗਤ ਦਾ ਲਗਪਗ 65 ਤੋਂ 70 ਫ਼ੀਸਦੀ ਹਿੱਸਾ ਸਿਰਫ਼ ਪਸ਼ੂਆਂ ਦੀ ਖੁਰਾਕ 'ਤੇ ਹੀ ਖਰਚ ਹੋ ਜਾਂਦਾ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਫੀਡ, ਚਾਰੇ, ਦਵਾਈਆਂ ਅਤੇ ਲੇਬਰ ਦੇ ਖਰਚੇ ਤਾਂ 25 ਤੋਂ 30 ਫ਼ੀਸਦੀ ਤੱਕ ਵੱਧ ਗਏ ਹਨ। ਪਸ਼ੂ ਪਾਲਕਾਂ ਨੇ ਚਿੰਤਾ ਪ੍ਰਗਟ ਕੀਤੀ ਕਿ ਜੇਕਰ ਹਾਲਾਤ ਇਸੇ ਤਰ੍ਹਾਂ ਬਣੇ ਰਹੇ ਤਾਂ ਆਉਣ ਵਾਲੇ ਦਿਨਾਂ ਵਿਚ ਸੂਬੇ ਅੰਦਰ ਦੁੱਧ ਦਾ ਉਤਪਾਦਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗਾ। ਪਸ਼ੂ ਪਾਲਕਾਂ ਨੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਪਸ਼ੂ ਫੀਡ ਬਣਾਉਣ ਲਈ ਵਰਤੇ ਜਾਂਦੇ ਕੱਚੇ ਮਾਲ 'ਤੇ ਲੱਗਣ ਵਾਲੇ [illegible] ਈਥਾਨੌਲ ਪਲਾਂਟਾਂ ਲਈ ਮੱਕੀ ਦੀ ਵਰਤੋਂ ਸੀਮਤ ਕਰਕੇ ਫੀਡ ਉਦਯੋਗ ਨੂੰ ਸਸਤੀ ਮੱਕੀ ਮੁਹੱਈਆ ਕਰਵਾਈ ਜਾਵੇ। ਇਸ ਤੋਂ ਇਲਾਵਾ ਉਦਯੋਗਾਂ ਵਲੋਂ ਤੂੜੀ ਨੂੰ ਬਾਲਣ ਵਜੋਂ ਵਰਤਣ 'ਤੇ ਸਖ਼ਤ ਪਾਬੰਦੀ ਲਗਾਈ ਜਾਵੇ ਅਤੇ ਡੇਅਰੀ ਕਿਸਾਨਾਂ ਨੂੰ ਵਿਸ਼ੇਸ਼ ਸਬਸਿਡੀ ਦੇ ਕੇ ਇਸ ਸੰਕਟ 'ਚੋਂ ਬਾਹਰ ਕੱਢਿਆ ਜਾਵੇ।

ਪਾਕਿ 'ਚ ਪੁਲਿਸ ਮੁਕਾਬਲੇ ਦੌਰਾਨ ਮਾਰਿਆ ਗਿਆ ਲੋੜੀਂਦਾ ਅੱਤਵਾਦੀ ਕਮਾਂਡਰ ਸੈਫੁੱਲਾ

ਅੰਮ੍ਰਿਤਸਰ, 12 ਨਵੰਬਰ (ਸੁਰਿੰਦਰ ਕੋਛੜ)-ਪਾਕਿਸਤਾਨ ਦੇ ਖ਼ੈਬਰ ਪਖਤੂਨਖਵਾ ਸੂਬੇ 'ਚ ਪੁਲਿਸ ਨੇ ਵਿਸ਼ੇਸ਼ ਮੁਹਿੰਮ ਦੌਰਾਨ ਲੋੜੀਂਦੇ ਅੱਤਵਾਦੀ ਕਮਾਂਡਰ ਸੈਫੁੱਲਾ ਨੂੰ ਮਾਰ ਦਿੱਤਾ ਹੈ। ਸੈਫੁੱਲਾ ਬੰਬ ਧਮਾਕਿਆਂ ਅਤੇ ਪੁਲਿਸ ਚੌਕੀਆਂ 'ਤੇ ਹਮਲਿਆਂ ਸਮੇਤ ਕਈ ਗੰਭੀਰ ਅੱਤਵਾਦੀ ਘਟਨਾਵਾਂ 'ਚ ਸ਼ਾਮਿਲ ਸੀ। ਪੁਲਿਸ ਮੁਤਾਬਿਕ ਇਹ ਕਾਰਵਾਈ ਖ਼ੁਫ਼ੀਆ ਜਾਣਕਾਰੀ ਦੇ ਆਧਾਰ 'ਤੇ ਕੀਤੀ ਗਈ।ਜ਼ਿਲ੍ਹਾ ਪੁਲਿਸ ਅਧਿਕਾਰੀ ਵਕਾਰ ਅਹਿਮਦ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਲੰਘੇ ਦਿਨ ਬੁੱਧਵਾਰ ਨੂੰ ਖ਼ੈਬਰ ਜ਼ਿਲ੍ਹੇ ਦੀ ਬਾਰਾ ਤਹਿਸੀਲ ਦੇ ਸ਼ੇਖਾਨ ਪੁਲ ਇਲਾਕੇ 'ਚ ਇਹ ਆਪ੍ਰੇਸ਼ਨ ਚਲਾਇਆ ਗਿਆ। ਪੁਲਿਸ ਨੂੰ ਸੂਹ ਮਿਲੀ ਸੀ ਕਿ ਸੈਫੁੱਲਾ ਇਲਾਕੇ 'ਚ ਮੌਜੂਦ ਹੈ ਅਤੇ ਬਾਰਾ ਤੋਂ ਪਿਸ਼ਾਵਰ ਵੱਲ ਜਾ ਰਿਹਾ ਹੈ। ਜਦੋਂ ਪੁਲਿਸ ਟੀਮ ਨੇ ਉਸ ਨੂੰ ਘੇਰਨ ਦੀ ਕੋਸ਼ਿਸ਼ ਕੀਤੀ ਤਾਂ ਦੋਵਾਂ ਧਿਰਾਂ ਵਿਚਾਲੇ ਗੋਲੀਬਾਰੀ ਸ਼ੁਰੂ ਹੋ ਗਈ। ਇਸ ਮੁਕਾਬਲੇ ਦੌਰਾਨ ਸੈਫੁੱਲਾ ਮਾਰਿਆ ਗਿਆ। ਪੁਲਿਸ ਅਧਿਕਾਰੀ ਅਨੁਸਾਰ ਸੈਫੁੱਲਾ ਖ਼ਿਲਾਫ਼ ਖ਼ੈਬਰ ਜ਼ਿਲ੍ਹੇ ਦੇ ਅਲੀ ਮਸਜਿਦ ਪੁਲਿਸ ਥਾਣੇ ਅਧੀਨ ਪੈਂਦੇ ਇਲਾਕਿਆਂ 'ਚ ਬੰਬ ਧਮਾਕੇ ਕਰਨ ਅਤੇ ਪੁਲਿਸ ਚੌਕੀਆਂ ਨੂੰ ਨਿਸ਼ਾਨਾ ਬਣਾਉਣ ਦੇ ਕਈ ਮਾਮਲੇ ਦਰਜ ਸਨ। ਪਾਕਿ ਦੇ ਅੱਤਵਾਦ ਵਿਰੋਧੀ ਵਿਭਾਗ ਅਤੇ ਪੁਲਿਸ ਨੂੰ ਲੰਬੇ ਸਮੇਂ ਤੋਂ ਉਸ ਦੀ ਤਲਾਸ਼ ਸੀ ਅਤੇ ਉਸ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖੀ ਜਾ ਰਹੀ ਸੀ। ਪੁਲਿਸ ਨੇ ਦੱਸਿਆ ਕਿ ਸੈਫੁੱਲਾ ਹਾਲ ਹੀ 'ਚ ਅਫ਼ਗਾਨਿਸਤਾਨ ਤੋਂ ਪਰਤ ਕੇ ਖ਼ੈਬਰ ਜ਼ਿਲ੍ਹੇ 'ਚ ਆਇਆ ਸੀ। ਹਾਲਾਂਕਿ, ਇਸ ਬਾਰੇ ਅਜੇ ਖ਼ੁਲਾਸਾ ਨਹੀਂ ਕੀਤਾ ਗਿਆ ਕਿ ਉਹ ਅਫ਼ਗਾਨਿਸਤਾਨ 'ਚ ਕਿੰਨਾ ਸਮਾਂ ਰਿਹਾ ਅਤੇ ਪਾਕਿ ਆ ਕੇ ਕਿੱਥੇ ਠਹਿਰਿਆ ਸੀ।




ਬਲੋਚਿਸਤਾਨ ਦੇ ਮੂਸਾਖੇਲ 'ਚ ਉਸਾਰੀ ਵਾਲੀ ਥਾਂ 'ਤੇ ਹਮਲਾ

ਅੰਮ੍ਰਿਤਸਰ, 12 ਨਵੰਬਰ (ਸੁਰਿੰਦਰ ਕੋਛੜ)-ਪਾਕਿਸਤਾਨ ਦੇ ਸੂਬਾ ਬਲੋਚਿਸਤਾਨ ਦੇ ਮੂਸਾਖੇਲ ਜ਼ਿਲ੍ਹੇ 'ਚ ਹਥਿਆਰਬੰਦ ਵਿਅਕਤੀਆਂ ਨੇ ਇਕ ਕੰਸਟਰਕਸ਼ਨ ਸਾਈਟ 'ਤੇ ਹਮਲਾ ਕਰਕੇ ਭਾਰੀ ਮਸ਼ੀਨਰੀ ਅਤੇ ਗੱਡੀਆਂ ਨੂੰ ਅੱਗ ਲਗਾ ਦਿੱਤੀ ਅਤੇ ਚਾਰ ਵਿਅਕਤੀਆਂ ਨੂੰ ਅਗਵਾ ਕਰ ਲਿਆ। ਇਸੇ ਦੌਰਾਨ ਇਕ ਹੋਰ ਘਟਨਾ 'ਚ ਮਸਤੁੰਗ ਜ਼ਿਲ੍ਹੇ ਵਿਚ ਹੋਏ ਧਮਾਕੇ ਕਾਰਨ ਇਕ ਪੁਲ ਤਬਾਹ ਹੋ ਗਿਆ।ਪ੍ਰਾਪਤ ਜਾਣਕਾਰੀ ਅਨੁਸਾਰ ਹਥਿਆਰਬੰਦ ਹਮਲਾਵਰਾਂ ਨੇ ਮੂਸਾਖੇਲ ਦੇ ਦਰਗ ਇਲਾਕੇ 'ਚ ਚੱਲ ਰਹੇ ਇਕ ਉਸਾਰੀ ਪ੍ਰੋਜੈਕਟ 'ਤੇ ਧਾਵਾ ਬੋਲਿਆ ਅਤੇ ਉੱਥੇ ਮੌਜੂਦ ਬੁਲਡੋਜ਼ਰਾਂ, ਟਰੈਕਟਰਾਂ ਸਮੇਤ ਹੋਰ ਮਸ਼ੀਨਰੀ ਤੇ ਗੱਡੀਆਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ, ਜਿਸ ਕਾਰਨ ਸਾਰੇ-ਸਾਮਾਨ ਪੂਰੀ ਤਰ੍ਹਾਂ ਸੜ ਕੇ ਸੁਆਹ ਹੋ ਗਿਆ। ਇਸ ਤੋਂ ਬਾਅਦ ਹਮਲਾਵਰ ਉਸਾਰੀ ਵਾਲੀ ਥਾਂ 'ਤੇ ਬਣੇ ਕੈਂਪ 'ਚੋਂ ਚਾਰ ਵਿਅਕਤੀਆਂ ਨੂੰ ਅਗਵਾ ਕਰਕੇ ਆਪਣੇ ਨਾਲ ਲੈ ਗਏ। ਘਟਨਾ ਤੋਂ ਫ਼ੌਰਨ ਬਾਅਦ ਪਾਕਿਸਤਾਨੀ ਸੁਰੱਖਿਆ ਬਲਾਂ ਨੇ ਇਲਾਕੇ ਦੀ ਘੇਰਾਬੰਦੀ ਕਰਕੇ ਤਲਾਸ਼ੀ ਮੁਹਿੰਮ [illegible] ਮਸਤੁੰਗ ਜ਼ਿਲ੍ਹੇ ਦੇ ਖਦਕੋਚਾ ਇਲਾਕੇ 'ਚ ਹੋਏ ਜ਼ੋਰਦਾਰ ਧਮਾਕੇ ਕਾਰਨ ਇਕ ਪੁਲ ਤਬਾਹ ਹੋ ਗਿਆ। ਕੋਇਟਾ-ਕਰਾਚੀ ਹਾਈਵੇਅ 'ਤੇ ਸਥਿਤ ਇਸ ਪੁਲ ਨੂੰ ਭਾਰੀ ਨੁਕਸਾਨ ਪੁੱਜਾ ਹੈ, ਜਿਸ ਕਾਰਨ ਹਾਈਵੇਅ 'ਤੇ ਆਵਾਜਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਜ਼ਿਕਰਯੋਗ ਹੈ ਕਿ ਇਹ ਤਾਜ਼ਾ ਘਟਨਾ ਬਲੋਚਿਸਤਾਨ ਦੇ ਮੁੱਖ ਹਾਈਵੇਅ ਦੇ ਪੁਲਾਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਜਾ ਰਹੇ ਲੜੀਵਾਰ ਹਮਲਿਆਂ ਦਾ ਹਿੱਸਾ ਹੈ। ਇਸ ਤੋਂ ਪਹਿਲਾਂ ਵੀ ਅਜਿਹੇ ਕਈ ਹਮਲਿਆਂ ਦੀ ਜ਼ਿੰਮੇਵਾਰੀ ਬਲੋਚ ਆਜ਼ਾਦੀ ਪਸੰਦ ਹਥਿਆਰਬੰਦ ਸਮੂਹਾਂ ਵਲੋਂ ਲਈ ਜਾ ਚੁੱਕੀ ਹੈ। ਫਿਲਹਾਲ, ਇਨ੍ਹਾਂ ਤਾਜ਼ਾ ਹਮਲਿਆਂ ਦੀ ਜ਼ਿੰਮੇਵਾਰੀ ਕਿਸੇ ਬਾਗ਼ੀ ਸਮੂਹ ਨੇ ਨਹੀਂ ਲਈ ਹੈ।

ਜੇਲ੍ਹ 'ਚ ਇਮਰਾਨ ਖ਼ਾਨ ਅਤੇ ਬੁਸ਼ਰਾ ਬੀਬੀ ਦੀ ਵਕੀਲਾਂ ਨਾਲ 3 ਘੰਟੇ ਮੁਲਾਕਾਤ

ਅੰਮ੍ਰਿਤਸਰ, 12 ਨਵੰਬਰ (ਸੁਰਿੰਦਰ ਕੋਛੜ)-ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ. ਟੀ. ਆਈ.) ਪਾਰਟੀ ਦੇ ਸੰਸਥਾਪਕ ਇਮਰਾਨ ਖ਼ਾਨ ਅਤੇ ਉਨ੍ਹਾਂ ਦੀ ਪਤਨੀ ਬੁਸ਼ਰਾ ਬੀਬੀ ਨੇ ਰਾਵਲਪਿੰਡੀ ਦੀ ਅਡਿਆਲਾ ਜੇਲ੍ਹ 'ਚ ਆਪਣੇ ਵਕੀਲਾਂ ਸਲਮਾਨ ਸਫ਼ਦਰ ਅਤੇ ਸਰਦਾਰ ਲਤੀਫ਼ ਖੋਸਾ ਨਾਲ ਲਗਭਗ ਤਿੰਨ ਤੋਂ ਚਾਰ ਘੰਟੇ ਲੰਬੀ ਮੁਲਾਕਾਤ ਕੀਤੀ। ਇਸਲਾਮਾਬਾਦ ਹਾਈ ਕੋਰਟ ਦੇ ਹੁਕਮਾਂ 'ਤੇ ਹੋਈ ਇਸ ਮੁਲਾਕਾਤ ਦੌਰਾਨ ਕਾਨੂੰਨੀ ਮਾਮਲਿਆਂ ਅਤੇ ਦੋਵਾਂ ਦੀ ਸਿਹਤ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ।ਮੁਲਾਕਾਤ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਵਕੀਲ ਸਰਦਾਰ ਲਤੀਫ਼ ਖੋਸਾ ਨੇ ਇਮਰਾਨ ਖ਼ਾਨ ਦੀ ਸਿਹਤ 'ਤੇ ਗੰਭੀਰ ਚਿੰਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਇਮਰਾਨ ਖ਼ਾਨ ਦਾ ਬਲੱਡ ਪ੍ਰੈਸ਼ਰ ਖ਼ਤਰਨਾਕ ਹੱਦ ਤੱਕ ਵਧਿਆ ਹੋਇਆ ਹੈ ਅਤੇ ਉਨ੍ਹਾਂ ਦੀਆਂ ਅੱਖਾਂ 'ਚ ਵੀ ਸਮੱਸਿਆ ਹੈ। ਹਾਲਾਂਕਿ, ਖੋਸਾ ਨੇ ਸਪੱਸ਼ਟ ਕੀਤਾ ਕਿ ਸਿਹਤ ਖ਼ਰਾਬ ਹੋਣ ਦੇ ਬਾਵਜੂਦ ਇਮਰਾਨ ਖ਼ਾਨ ਮਾਨਸਿਕ ਤੌਰ 'ਤੇ ਪੂਰੀ ਤਰ੍ਹਾਂ ਚੌਕਸ, ਮਜ਼ਬੂਤ ਅਤੇ ਦ੍ਰਿੜ੍ਹ ਹਨ। ਸਫ਼ਦਰ ਨੇ ਦੱਸਿਆ ਕਿ ਉਹ ਅਲ-ਕਾਦਿਰ ਟਰੱਸਟ ਮਾਮਲੇ ਨਾਲ ਸੰਬੰਧਿਤ ਮੁੱਖ ਅਪੀਲਾਂ 'ਚ ਇਮਰਾਨ ਖ਼ਾਨ ਅਤੇ ਬੁਸ਼ਰਾ ਬੀਬੀ ਦੀ ਪੈਰਵੀ ਜਾਰੀ ਰੱਖਣਗੇ। ਦੂਜੇ ਪਾਸੇ, ਪੀ.ਟੀ.ਆਈ. ਆਗੂ ਸਲਮਾਨ ਅਕਰਮ ਰਾਜਾ ਨੇ ਮੀਡੀਆ ਨੂੰ ਦੱਸਿਆ ਕਿ ਇਮਰਾਨ ਖ਼ਾਨ ਨੇ 28ਵੀਂ ਸੰਵਿਧਾਨਕ ਸੋਧ ਬਾਰੇ ਪਾਰਟੀ ਲੀਡਰਸ਼ਿਪ ਨੂੰ ਆਪਣਾ ਸਪੱਸ਼ਟ ਸੰਦੇਸ਼ ਭੇਜ ਦਿੱਤਾ ਹੈ।





ਮਕਬੂਜ਼ਾ ਕਸ਼ਮੀਰ ਦੇ ਰਾਵਲਾਕੋਟ ਵਿਚ ਹੋਏ ਵਿਸ਼ਾਲ ਇਕੱਠ ਦੀ ਤਸਵੀਰ।

ਪਾਕਿਸਤਾਨੀ ਕਸ਼ਮੀਰ ਨੂੰ 'ਆਜ਼ਾਦ' ਨਹੀਂ 'ਮਕਬੂਜ਼ਾ ਕਸ਼ਮੀਰ' ਕਹੋ-ਸਰਦਾਰ ਉਮਰ ਨਜ਼ੀਰ

ਅੰਮ੍ਰਿਤਸਰ, 12 ਨਵੰਬਰ (ਸੁਰਿੰਦਰ ਕੋਛੜ)-ਪਾਕਿਸਤਾਨ ਦੇ ਕਬਜ਼ੇ ਹੇਠਲੇ ਜੰਮੂ-ਕਸ਼ਮੀਰ (ਪੀ.ਓ.ਕੇ.) ਵਿਚ ਪਾਕਿਸਤਾਨ ਸਰਕਾਰ, ਫ਼ੌਜ ਤੇ ਪ੍ਰਸ਼ਾਸਨ ਵਿਰੁੱਧ ਲੋਕਾਂ ਦਾ ਗੁੱਸਾ ਲਗਾਤਾਰ ਵਧ ਰਿਹਾ ਹੈ। ਰਾਵਲਾਕੋਟ ਵਿਚ ਸਥਾਨਕ ਕਾਰਕੁਨ ਸਰਦਾਰ ਉਮਰ ਨਜ਼ੀਰ ਕਸ਼ਮੀਰੀ ਨੇ ਇੱਕ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਖੇਤਰ ਨੂੰ ਹੁਣ 'ਆਜ਼ਾਦ ਕਸ਼ਮੀਰ' ਕਹਿਣਾ ਬੰਦ ਕੀਤਾ ਜਾਵੇ ਤੇ ਇਸ ਨੂੰ 'ਪਾਕਿਸਤਾਨੀ ਕਬਜ਼ੇ ਵਾਲਾ ਕਸ਼ਮੀਰ' ਕਿਹਾ ਜਾਵੇ। ਉਨ੍ਹਾਂ ਦੇ ਇਸ ਬਿਆਨ ਨੇ ਪਾਕਿਸਤਾਨ ਦੇ ਖੇਤਰ ਨੂੰ ਆਜ਼ਾਦ ਤੇ ਖ਼ੁਦਮੁਖ਼ਤਿਆਰ ਦੱਸਣ ਦੇ ਦਾਅਵਿਆਂ 'ਤੇ ਸਵਾਲ ਖੜ੍ਹੇ ਕੀਤੇ ਹਨ। ਖੇਤਰ ਦੇ ਲੋਕ ਲੰਮੇ ਸਮੇਂ ਤੋਂ ਮਹਿੰਗਾਈ, ਆਟੇ ਤੇ ਬਿਜਲੀ ਦੀ ਕਿੱਲਤ, ਬੁਨਿਆਦੀ ਸਹੂਲਤਾਂ ਦੀ ਘਾਟ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਤੇ ਸਰਕਾਰੀ ਜ਼ੁਲਮਾਂ ਵਿਰੁੱਧ ਪ੍ਰਦਰਸ਼ਨ ਕਰ ਰਹੇ ਹਨ। ਕਾਰਕੁਨਾਂ ਦਾ ਦੋਸ਼ ਹੈ ਕਿ ਪਾਕਿਸਤਾਨ ਇੱਥੋਂ ਦੇ ਕੁਦਰਤੀ ਸਰੋਤਾਂ ਦਾ ਸ਼ੋਸ਼ਣ ਕਰ ਰਿਹਾ ਹੈ ਤੇ ਲੋਕਾਂ ਨੂੰ ਉਨ੍ਹਾਂ ਦੇ ਬੁਨਿਆਦੀ ਹੱਕਾਂ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ। ਇਸ ਦੌਰਾਨ ਜੰਮੂ-ਕਸ਼ਮੀਰ ਜੁਆਇੰਟ ਅਵਾਮੀ ਐਕਸ਼ਨ ਕਮੇਟੀ ਦੀ ਐਡਵਾਈਜ਼ਰੀ ਕੌਂਸਲ ਨੇ ਰਾਵਲਾਕੋਟ ਵਿਚ ਤਣਾਅਪੂਰਨ ਹਾਲਾਤ 'ਤੇ ਚਿੰਤਾ ਪ੍ਰਗਟਾਈ ਹੈ। ਕੌਂਸਲ ਨੇ ਸ਼ਾਂਤਮਈ ਪ੍ਰਦਰਸ਼ਨਕਾਰੀਆਂ ਵਿਰੁੱਧ ਤਾਕਤ ਦੀ ਵਰਤੋਂ, ਫਾਇਰਿੰਗ ਅਤੇ ਡਰਾਉਣ-ਧਮਕਾਉਣ ਦੀਆਂ ਕਾਰਵਾਈਆਂ ਬੰਦ ਕਰਨ ਦੀ ਮੰਗ ਕੀਤੀ। ਇਸ ਦੇ ਨਾਲ ਹੀ ਮ੍ਰਿਤਕਾਂ ਦੀਆਂ ਦੇਹਾਂ ਪਰਿਵਾਰਾਂ ਨੂੰ ਸੌਂਪਣ, ਜ਼ਖ਼ਮੀਆਂ ਨੂੰ ਤੁਰੰਤ ਡਾਕਟਰੀ ਸਹਾਇਤਾ ਦੇਣ ਤੇ ਮੋਬਾਈਲ ਤੇ ਇੰਟਰਨੈੱਟ ਸੇਵਾਵਾਂ ਬਹਾਲ ਕਰਨ ਦੀ ਅਪੀਲ ਕੀਤੀ।

ਅਮਨਦੀਪ ਹਸਪਤਾਲ ਸਮੂਹ ਵਲੋਂ 'ਚੂਲੇ ਤੇ ਗੋਡੇ ਦੇ ਜੋੜ ਬਦਲੀ' ਸਬੰਧੀ ਕੌਮਾਂਤਰੀ ਕਾਨਫਰੰਸ 14 ਤੇ 15 ਨੂੰ-ਡਾ: ਅਵਤਾਰ ਸਿੰਘ, ਡਾ: ਵੈਗਨਰ

ਅੰਮ੍ਰਿਤਸਰ, 12 ਨਵੰਬਰ (ਜਸਵੰਤ ਸਿੰਘ ਜੱਸ)-ਅਮਨਦੀਪ ਹਸਪਤਾਲ ਸਮੂਹ ਵਲੋਂ ਉਜਾਲਾ ਸਿਗਨਸ ਦੀ ਭਾਈਵਾਲੀ ਨਾਲ ਤੀਜੀ ਦੋ ਦਿਨਾ 'ਕੌਮਾਂਤਰੀ ਨੀ ਐਂਡ ਹਿੱਪ ਕਾਨਫਰੰਸ 2026' 14-15 ਨਵੰਬਰ ਨੂੰ ਗੁਰੂ ਨਗਰੀ ਵਿਖੇ ਕਰਵਾਈ ਜਾ ਰਹੀ ਹੈ, ਜਿਸ ਵਿਚ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਆਧੁਨਿਕ ਤਕਨੀਕਾਂ ਨਾਲ ਚੂਲੇ ਤੇ ਗੋਡੇ ਦੇ ਜੋੜ ਬਦਲਣ ਦੇ ਮਾਹਿਰ ਡਾਕਟਰਾਂ ਸਮੇਤ ਦੇਸ਼ ਭਰ 'ਚੋਂ ਆਰਥੋਪੀਡਕ ਸਰਜਨ ਸ਼ਾਮਿਲ ਹੋਣਗੇ। ਅੱਜ ਇਥੇ ਗੱਲਬਾਤ ਕਰਦਿਆਂ ਅਮਨਦੀਪ ਹਸਪਤਾਲ ਸਮੂਹ ਦੇ ਚੇਅਰਮੈਨ ਅਤੇ ਆਰਥੋਪੀਡਿਕਸ ਸਰਜਨ ਡਾ. ਅਵਤਾਰ ਸਿੰਘ ਅਤੇ ਕਾਨਫਰੰਸ ਵਿਚ ਸ਼ਾਮਿਲ ਹੋਣ ਲਈ ਜਰਮਨੀ ਤੋਂ ਆਏ ਸਰਜਨ ਡਾ: ਮਾਈਕਲ ਵੈਗਨਰ ਨੇ ਦੱਸਿਆ ਕਿ ਇਸ ਦੋ ਰੋਜ਼ਾ ਅਕਾਦਮਿਕ ਕਾਨਫਰੰਸ ਵਿਚ ਕੌਮਾਂਤਰੀ ਪੱਧਰ ਦੇ ਪੰਜ ਮਾਹਿਰ ਡਾਕਟਰਾਂ ਤੋਂ ਇਲਾਵਾ ਭਾਰਤ ਦੀਆਂ ਪ੍ਰਮੁੱਖ ਮੈਡੀਕਲ ਸੰਸਥਾਵਾਂ ਨਾਲ ਜੁੜੇ 100 ਦੇ ਕਰੀਬ ਹੱਡੀਆਂ ਦੇ ਪ੍ਰਮੁੱਖ ਸਰਜਨ, ਜੋੜ ਬਦਲਣ ਦੇ ਮਾਹਿਰ ਡਾਕਟਰ ਸ਼ਾਮਿਲ ਹੋਣਗੇ। ਇਸ ਕਾਨਫਰੰਸ ਰਾਹੀਂ ਹੱਡੀਆਂ ਦੇ ਮਾਹਿਰਾਂ ਨੂੰ ਇਕ ਮੰਚ 'ਤੇ ਇਕੱਠਾ ਕਰਨਾ, ਡਾਕਟਰੀ ਗਿਆਨ ਦੇ ਆਦਾਨ-ਪ੍ਰਦਾਨ ਨੂੰ ਉਤਸ਼ਾਹਿਤ ਕਰਨਾ, ਗੋਡਿਆਂ ਅਤੇ ਚੂਲਿਆਂ ਦੇ ਜੋੜ ਬਦਲਣ ਵਾਲੀ ਨਵੀਨਤਮ ਸਰਜਰੀ ਦੇ ਖੇਤਰ ਵਿਚ ਕੌਮਾਂਤਰੀ ਪੱਧਰ 'ਤੇ ਹੋ ਰਹੀਆਂ ਆਧੁਨਿਕ ਤਕਨੀਕਾਂ ਨੂੰ ਭਾਰਤ, ਖਾਸਕਰ ਉੱਤਰੀ ਭਾਰਤ ਦੇ ਮਰੀਜ਼ਾਂ ਤੇ ਡਾਕਟਰਾਂ ਤੱਕ ਪਹੁੰਚਾਉਣਾ ਚਾਹੁੰਦੇ ਹਾਂ, ਜਿਸ ਨਾਲ ਨੌਜਵਾਨ ਹੱਡੀਆਂ ਦੇ ਮਾਹਿਰਾਂ ਨੂੰ ਆਪਣੇ ਅਕਾਦਮਿਕ ਅਤੇ ਖੋਜ ਕਾਰਜ ਪੇਸ਼ ਕਰਨ ਦਾ ਮੌਕਾ ਮਿਲੇਗਾ। ਇਸ ਮੌਕੇ ਡਾ:ਬਾਬਾ ਜੀ ਬਰੋਟ ਵੀ ਹਾਜ਼ਰ ਸਨ।



ਅੰਮ੍ਰਿਤਸਰ ਵਿਖੇ ਗੱਲਬਾਤ ਕਰਦੇ ਹੋਏ ਡਾ: ਅਵਤਾਰ ਸਿੰਘ ਅਤੇ ਡਾ: ਮਾਈਕਲ ਵੈਗਨਰ। ਨਾਲ ਡਾ: ਬਾਬਾ ਜੀ ਬਰੋਟ ਵੀ ਨਜ਼ਰ ਆ ਰਹੇ ਹਨ। ਤਸਵੀਰ : ਹਰਜੀਤ ਸਿੰਘ

ਪੰਜਾਬ ਵਿਚ ਮੰਡੀਆਂ ਬੰਦ ਕਰਨ ਦਾ ਵਿਰੋਧ ਕਰਦੇ ਕਿਸਾਨਾਂ ਦੀ ਗ੍ਰਿਫਤਾਰੀ ਸ਼ੁਰੂ-ਰਾਜੇਵਾਲ

ਖੰਨਾ, 12 ਨਵੰਬਰ (ਹਰਜਿੰਦਰ ਸਿੰਘ ਲਾਲ) ਅੱਜ ਪੰਜਾਬ ਪੁਲਿਸ ਨੇ ਪੰਜਾਬ ਵਿਚ ਕਈ ਸ਼ਹਿਰਾਂ ਵਿਚ ਵਿਚ ਸੰਯੁਕਤ ਕਿਸਾਨ ਮੋਰਚੇ ਦਾ ਹਿੱਸਾ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਵਰਕਰਾਂ ਨੂੰ ਸਿਰਫ ਝੋਨੇ ਦੀ ਖਰੀਦ ਦੀ ਮੰਗ ਕਰਦਿਆਂ ਗ੍ਰਿਫਤਾਰ ਕਰ ਲਿਆ ਹੈ। ਇਹ ਦਾਅਵਾ ਉੱਘੇ ਕਿਸਾਨ ਨੇਤਾ ਬਲਬੀਰ ਸਿੰਘ ਰਾਜੇਵਾਲ ਨੇ ਕੀਤਾ। ਰਾਜੇਵਾਲ ਨੇ ਕਿਹਾ ਕਿ 'ਆਪ' ਸਰਕਾਰ ਦਾ ਅਸਲੀ ਤੇ ਕਿਸਾਨ ਵਿਰੋਧੀ ਚਿਹਰਾ ਨੰਗਾ ਹੋ ਗਿਆ ਹੈ, ਜਿਹੜੀ ਸਰਕਾਰ ਕਿਸਾਨਾਂ ਦੀ ਫ਼ਸਲ ਦਾ ਦਾਣਾ ਦਾਣਾ ਖਰੀਦਣ ਦਾ ਦਾਅਵਾ ਕਰਦੀ ਸੀ ਹੁਣ ਅਜੇ ਜਦੋਂ 20 ਲੱਖ ਮੀਟਰਕ ਟਨ ਝੋਨੇ ਦੀ ਖਰੀਦ ਬਾਕੀ ਹੈ, 400 ਮੰਡੀਆਂ ਬੰਦ ਕਰ ਕੇ ਖਰੀਦ ਤੋਂ ਭੱਜ ਗਈ ਹੈ। ਰਾਜੇਵਾਲ ਨੇ ਕਿਹਾ ਇਸ ਦੇ ਵਿਰੋਧ ਵਿਚ ਪੰਜਾਬ ਭਰ ਵਿਚ ਐਸ. ਡੀ. ਐਮਜ਼ ਅਤੇ ਡੀ ਸੀਜ਼ ਨੂੰ ਵਿਰੋਧ ਅਤੇ ਮੰਗ ਪੱਤਰ ਦਿੱਤੇ ਜਾਣਗੇ।



ਹਲਕਾ ਬਰਨਾਲਾ ਤੋਂ 'ਆਪ' ਨੇ ਮੁੜ ਮੀਤ ਹੇਅਰ 'ਤੇ ਖੇਡੀ ਬਾਜ਼ੀ

2024 ਦੀ ਜ਼ਿਮਨੀ ਚੋਣ 'ਚ ਹੋਈ ਹਾਰ ਨੂੰ ਦੇਖਦਿਆਂ ਪਾਰਟੀ ਨੇ ਲਿਆ ਫੈਸਲਾ

ਬਰਨਾਲਾ, 12 ਨਵੰਬਰ (ਗੁਰਪ੍ਰੀਤ ਸਿੰਘ ਲਾਡੀ)-ਆਮ ਆਦਮੀ ਪਾਰਟੀ ਵਲੋਂ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਵਿਧਾਨ ਸਭਾ ਹਲਕਾ ਬਰਨਾਲਾ ਤੋਂ ਇਕ ਵਾਰ ਫਿਰ ਮੌਜੂਦਾ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੂੰ ਚੋਣ ਮੈਦਾਨ ਵਿਚ ਉਤਾਰਨ ਦੇ ਫ਼ੈਸਲੇ ਨੇ ਹਲਕੇ ਦੀ ਸਿਆਸਤ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ। ਪਾਰਟੀ ਵਲੋਂ ਮੀਤ ਹੇਅਰ 'ਤੇ ਮੁੜ ਭਰੋਸਾ ਪ੍ਰਗਟਾਉਣ ਨਾਲ ਜਿੱਥੇ ਉਨ੍ਹਾਂ ਦੀ ਹਲਕੇ ਵਿਚ ਸਿਆਸੀ ਪਕੜ ਅਤੇ ਜਿੱਤਣ ਦੀ ਸਮਰੱਥਾ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ, ਉੱਥੇ ਹੀ ਇਸ ਫ਼ੈਸਲੇ ਨੇ ਆਮ ਆਦਮੀ ਪਾਰਟੀ ਦੇ ਅੰਦਰ ਦੂਜੀ ਕਤਾਰ ਦੇ ਆਗੂਆਂ ਦੀ ਸਿਆਸੀ ਭੂਮਿਕਾ ਅਤੇ ਭਵਿੱਖ ਨੂੰ ਲੈ ਕੇ ਵੀ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਜ਼ਿਕਰਯੋਗ ਹੈ ਕਿ ਮੀਤ ਹੇਅਰ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪਹਿਲੀ ਵਾਰ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਹਲਕਾ [illegible] 2432 ਵੋਟਾਂ ਦੇ [illegible] ਹਲਕੇ ਵਿਚ ਆਪਣੀ ਸਿਆਸੀ ਸਥਿਤੀ ਹੋਰ ਮਜ਼ਬੂਤ ਕੀਤੀ ਸੀ। ਪੰਜਾਬ ਵਿਚ 'ਆਪ' ਸਰਕਾਰ ਬਣਨ ਤੋਂ ਬਾਅਦ ਮੀਤ ਹੇਅਰ ਨੂੰ ਕੈਬਨਿਟ ਮੰਤਰੀ ਦੀ ਜ਼ਿੰਮੇਵਾਰੀ ਵੀ ਸੌਂਪੀ ਗਈ। ਪਰ ਸਾਲ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਪਾਰਟੀ ਵਲੋਂ ਉਨ੍ਹਾਂ ਨੂੰ ਹਲਕਾ ਸੰਗਰੂਰ ਤੋਂ ਚੋਣ ਮੈਦਾਨ ਵਿਚ [illegible] ਦਾ ਫ਼ੈਸਲਾ ਕੀਤਾ ਗਿਆ। ਮੀਤ ਹੇਅਰ ਨੇ [illegible] ਚੋਣ ਕਰਵਾਉਣੀ ਪਈ ਸੀ। ਇਸ ਜ਼ਿਮਨੀ ਚੋਣ ਦੌਰਾਨ ਆਮ ਆਦਮੀ ਪਾਰਟੀ ਵਲੋਂ ਮੀਤ ਹੇਅਰ ਦੇ ਬੇਹੱਦ ਕਰੀਬੀ ਮੰਨੇ ਜਾਂਦੇ ਅਤੇ ਮੌਜੂਦਾ ਹਲਕਾ ਇੰਚਾਰਜ ਹਰਿੰਦਰ ਸਿੰਘ ਧਾਲੀਵਾਲ ਨੂੰ ਪਾਰਟੀ ਦਾ ਉਮੀਦਵਾਰ ਬਣਾਇਆ ਗਿਆ ਸੀ ਪਰ ਉਹ ਚੋਣ ਜਿੱਤਣ ਵਿਚ ਕਾਮਯਾਬ ਨਹੀਂ ਹੋ ਸਕੇ। ਇਸ ਹਾਰ ਤੋਂ ਬਾਅਦ ਹੁਣ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਮੁੜ ਮੀਤ ਹੇਅਰ ਨੂੰ ਹੀ ਉਮੀਦਵਾਰ ਬਣਾਉਣ ਦੇ ਫ਼ੈਸਲੇ ਨੂੰ ਸਿਆਸੀ ਨਜ਼ਰੀਏ ਤੋਂ ਅਹਿਮ ਮੰਨਿਆ ਜਾ ਰਿਹਾ ਹੈ। ਦੂਜੇ ਪਾਸੇ ਵਿਰੋਧੀ ਰਾਜਨੀਤਕ ਪਾਰਟੀਆਂ ਵਲੋਂ 'ਆਪ' ਦੇ ਇਸ ਫ਼ੈਸਲੇ ਨੂੰ 2027 ਦੀਆਂ ਚੋਣਾਂ ਦੌਰਾਨ ਵੱਡੇ ਮੁੱਦੇ ਵਜੋਂ ਉਭਾਰੇ ਜਾਣ ਦੀ ਸੰਭਾਵਨਾ ਹੈ। ਵਿਰੋਧੀ ਧਿਰਾਂ ਵਲੋਂ ਇਹ ਸਵਾਲ ਉਠਾਇਆ ਜਾ ਸਕਦਾ ਹੈ ਕਿ ਮੀਤ ਹੇਅਰ ਇਸ ਸਮੇਂ ਹਲਕਾ ਸੰਗਰੂਰ ਦੇ ਚੁਣੇ ਹੋਏ ਸੰਸਦ ਮੈਂਬਰ ਹਨ ਅਤੇ ਉਨ੍ਹਾਂ ਨੂੰ ਲੋਕਾਂ ਨੇ ਕੇਂਦਰੀ ਪੱਧਰ 'ਤੇ ਆਪਣੀ ਨੁਮਾਇੰਦਗੀ ਕਰਨ ਲਈ ਚੁਣਿਆ ਹੈ। ਅਜਿਹੇ ਵਿਚ ਲੋਕ ਸਭਾ ਮੈਂਬਰ ਹੁੰਦਿਆਂ ਉਨ੍ਹਾਂ ਨੂੰ [illegible]

NATIONAL INSTITUTE OF SECONDARY STEEL TECHNOLOGY (NISST)

(Established by Ministry of Steel, Government of India)
GT Road, Sirhind Side, Mandi Gobindgarh, Punjab - 147301

ਦਾਖਲਾ ਸੂਚਨਾ

ਨੈਸ਼ਨਲ ਇੰਸਟੀਚਿਊਟ ਆਫ਼ ਸੈਕੰਡਰੀ ਸਟੀਲ ਟੈਕਨੋਲੋਜੀ (NISST), ਮੰਡੀ ਗੋਬਿੰਦਗੜ੍ਹ ਵਿਖੇ ਆਯੋਜਿਤ ਕੀਤੇ ਜਾਣ ਵਾਲੇ 3 ਮਹੀਨੇ ਦੇ ਹੁਨਰ ਵਿਕਾਸ ਸਿਖਲਾਈ ਪ੍ਰੋਗਰਾਮ ਵਿਚ ਦਾਖ਼ਲੇ ਲਈ ਪੂਰੇ ਭਾਰਤ ਤੋਂ ITI ਪਾਸ ਉਮੀਦਵਾਰਾਂ ਤੋਂ ਅਰਜ਼ੀਆਂ ਮੰਗੀਆਂ ਜਾ ਰਹੀਆਂ ਹਨ।

ਸਿਖਲਾਈ ਟਰੇਡ:
1.) ਇਲੈਕਟ੍ਰੀਸ਼ੀਅਨ 2.) ਫਿਟਰ

ਪ੍ਰੋਗਰਾਮ ਦੀਆਂ ਵਿਸ਼ੇਸ਼ਤਾਵਾਂ:
1.) ਸੈਕੰਡਰੀ ਸਟੀਲ ਖੇਤਰ ਵਿਚ ਉਦਯੋਗਿਕ ਕੰਮਕਾਜ ਦੀਆਂ ਪ੍ਰਕਿਰਿਆਵਾਂ ਅਤੇ ਉਦਯੋਗਿਕ ਦੌਰਿਆਂ ਦਾ ਤਜਰਬਾ।
2.) ਪ੍ਰਤੀ ਬੈਚ 30 ਸਿੱਖਿਆਰਥੀਆਂ ਦੀ ਕਲਾਸ ਸਮਰੱਥਾ।
3.) ਸਿਖਲਾਈ ਪ੍ਰੋਗਰਾਮ ਸਫਲਤਾ ਪੂਰਵਕ ਪੂਰਾ ਕਰਨ ਤੋਂ ਬਾਅਦ ਪਲੇਸਮੈਂਟ ਸਹਾਇਤਾ।
4.) ਰਿਹਾਇਸ਼ ਅਤੇ ਭੋਜਨ, ਵਰਦੀ, ਸੁਰੱਖਿਆ ਕਿੱਟ, ਸਟੇਸ਼ਨਰੀ ਕਿੱਟ, ਪਾਠ ਪੁਸਤਕਾਂ ਅਤੇ 1 ਸਾਲ ਦਾ ਦੁਰਘਟਨਾ ਬੀਮਾ ਕਵਰੇਜ।

ਕੋਰਸ ਫੀਸ:1,000/- + 18% GST
ਬੈਚ ਸ਼ੁਰੂ ਹੋਣ ਦੀ ਮਿਤੀ:14.12.2026
ਅਰਜ਼ੀ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ:11.12.2026
ਅਰਜ਼ੀ ਕਿਵੇਂ ਦੇਣੀ ਹੈ: ਅਰਜ਼ੀ ਫਾਰਮ ਅਤੇ ਵਿਸਤ੍ਰਿਤ ਦਿਸ਼ਾ-ਨਿਰਦੇਸ਼ NISST ਦੀ ਵੈੱਬਸਾਈਟ (www.nisst.org) 'ਤੇ ਉਪਲਬਧ ਹਨ।

ਸਿਖਲਾਈ ਸਥਾਨ:
ਨੈਸ਼ਨਲ ਇੰਸਟੀਚਿਊਟ ਆਫ਼ ਸੈਕੰਡਰੀ ਸਟੀਲ ਟੈਕਨੋਲੋਜੀ (NISST), ਜੀ.ਟੀ. ਰੋਡ, ਸਰਹਿੰਦ ਸਾਈਡ, ਮੰਡੀ ਗੋਬਿੰਦਗੜ੍ਹ, ਪੰਜਾਬ - 147301

ਪੰਜਾਬ ਸਰਕਾਰ

(ਪੰਜਾਬ ਪਸ਼ੂਧਨ ਵਿਕਾਸ ਬੋਰਡ ਲਾਈਵਸਟਾਕ ਕੰਪਲੈਕਸ, ਸੈਕਟਰ 68, ਐਸ. ਏ. ਐਸ. ਨਗਰ)

ਈ-ਟੈਂਡਰ ਨੋਟਿਸ ਹਵਾਲਾ ਨੰ: 1672 ਮਿਤੀ: 12.11.2026

ਪੰਜਾਬ ਪਸ਼ੂਧਨ ਵਿਕਾਸ ਬੋਰਡ ਦਫ਼ਤਰ ਨਿਰਦੇਸ਼ਕ ਪਸ਼ੂ ਪਾਲਣ, ਪੰਜਾਬ ਲਾਈਵਸਟਾਕ ਕੰਪਲੈਕਸ, ਸੈਕਟਰ-68 ਐਸ. ਏ. ਐਸ. ਨਗਰ-160062 (ਪੰਜਾਬ) ਦੁਆਰਾ ਹੇਠਾਂ ਲਿਖਿਆਂ ਲਈ ਆਨਲਾਈਨ ਬੋਲੀਆਂ/ਟੈਂਡਰ (ਈ-ਪ੍ਰੋਕਿਓਰਮੈਂਟ ਪੋਰਟਲ ਪੰਜਾਬ 'ਤੇ) ਦੀ ਮੰਗ ਕੀਤੀ ਜਾਂਦੀ ਹੈ।

ਲੜੀ ਨੰ:	ਆਈਟਮ ਦਾ ਨਾਂਅ	ਮਾਤਰਾ
1.	ਕੈਟਲ ਦੇ ਐਚ ਐਫ ਬਰੀਡ ਦੇ ਫਰੋਜ਼ਨ ਸੀਮਨ ਡੋਜ਼ਸ	4,00,000 ਐਫ ਐਸ ਡੀ
2.	ਐਚ ਐਫ ਸੈਕਸਡ ਸੀਮਨ ਐਫ ਐਸ ਡੀ	20,000 ਐਫ ਐਸ ਡੀ
3.	ਮੁਰਾਹ ਸੈਕਸਡ ਸੀਮਨ ਐਫ ਐਸ ਡੀ	20,000 ਐਫ ਐਸ ਡੀ

ਅੰਤਿਮ ਮਿਤੀ ਅਤੇ ਸਮਾਂ: 19.11.2026 ਨੂੰ ਸ਼ਾਮ 5.00 ਵਜੇ ਤੋਂ ਪਹਿਲਾਂ
ਵੇਰਵਿਆਂ ਲਈ ਲਾਗਆਨ ਕਰੋ: http://eproc.punjab.gov.in ਅਤੇ www.animalhusbandry.punjab.gov.in
ਟਿੱਪਣੀ: ਈ ਟੈਂਡਰ ਨੋਟਿਸ ਲਈ ਕੋਈ ਸੋਧ (ਸੋਧਾਂ) ਨੂੰ ਕੇਵਲ ਉਪਰੋਕਤ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤਾ ਜਾਵੇਗਾ।
ਫੈਕਸ ਨੰ: 0172-2217084
ਟੈਲੀਫੋਨ ਨੰ: 0172-2217083
ਈਮੇਲ ਆਈ ਡੀ: pldb68@gmail.com
ਸਹੀ/-
(ਡਾ. ਰੰਜੀਵ ਬਾਲੀ)
ਵਧੀਕ ਮੁੱਖ ਕਾਰਜਕਾਰੀ ਅਧਿਕਾਰੀ।
PR-Advt. No: 1676/12/2026-27/17034

ਐਸਏਐਲ ਆਟੋਮੋਟਿਵ ਲਿਮਿਟਡ

CIN : L45202PB1974PLC003516
ਰਜਿ. ਦਫ਼ਤਰ: ਸੀ-127, IV ਮੰਜ਼ਿਲ, ਸਤਿਗੁਰੂ ਇਨਫੋਟੈਕ, ਫੇਜ਼-VIII, ਇੰਡਸਟ੍ਰੀਅਲ ਏਰੀਆ, ਐਸ.ਏ.ਐਸ. ਨਗਰ (ਮੋਹਾਲੀ), ਪੰਜਾਬ-160062
ਫੋਨ: 0172-4650377, ਫੈਕਸ: 0172-4650377,
ਈ-ਮੇਲ: kaushik.gagan@salautomotive.in, ਵੈੱਬਸਾਈਟ: www.salautomotive.in

30 ਸਤੰਬਰ, 2026 ਨੂੰ ਸਮਾਪਤ ਤਿਮਾਹੀ ਅਤੇ ਛਿਮਾਹੀ ਲਈ ਆਡਿਟਰਹਿਤ ਵਿੱਤੀ ਨਤੀਜਿਆਂ ਦਾ ਸਾਰਾਂਸ਼

(₹ ਲੱਖਾਂ ਵਿੱਚ)

ਕ੍ਰ. ਨੰ.	ਵਿਵਰਣ	ਸਮਾਪਤ ਤਿਮਾਹੀ 30.09.2026 (ਆਡਿਟਰਹਿਤ)	ਸਮਾਪਤ ਤਿਮਾਹੀ 30.06.2026 (ਆਡਿਟਰਹਿਤ)	ਸਮਾਪਤ ਤਿਮਾਹੀ 30.09.2025 (ਆਡਿਟਰਹਿਤ)	ਸਮਾਪਤ ਛਿਮਾਹੀ 30.09.2026 (ਆਡਿਟਰਹਿਤ)	ਸਮਾਪਤ ਛਿਮਾਹੀ 30.09.2025 (ਆਡਿਟਰਹਿਤ)	ਸਮਾਪਤ ਸਾਲ 31.03.2026 (ਆਡਿਟ ਕੀਤੀ)
1.	ਕੁੱਲ ਆਮਦਨੀ	12705	11610	10805	24315	20825	38675
2.	ਇਸ ਅਵਧੀ ਲਈ ਸ਼ੁੱਧ ਲਾਭ / (ਹਾਨੀ) (ਟੈਕਸ ਅਤੇ ਵਿਸ਼ੇਸ਼ ਆਈਟਮਾਂ ਤੋਂ ਪਹਿਲਾਂ)	287	282	251	569	365	647
3.	ਟੈਕਸ ਤੋਂ ਪਹਿਲਾਂ ਇਸ ਅਵਧੀ ਲਈ ਸ਼ੁੱਧ ਲਾਭ/(ਹਾਨੀ) (ਵਿਸ਼ੇਸ਼ ਆਈਟਮਾਂ ਤੋਂ ਬਾਅਦ)	287	282	251	569	365	589
4.	ਟੈਕਸ ਅਤੇ ਵਿਸ਼ੇਸ਼ ਆਈਟਮਾਂ ਤੋਂ ਬਾਅਦ ਇਸ ਅਵਧੀ ਲਈ ਸ਼ੁੱਧ ਲਾਭ / (ਹਾਨੀ)	211	205	186	416	272	426
5.	ਇਸ ਅਵਧੀ ਲਈ ਕੁੱਲ ਵਿਆਪਕ ਆਮਦਨੀ (ਟੈਕਸ ਤੋਂ ਬਾਅਦ ਲਾਭ ਅਤੇ ਟੈਕਸ ਤੋਂ ਬਾਅਦ ਹੋਰ ਵਿਆਪਕ ਆਮਦਨੀ ਸਮੇਤ)	211	205	186	416	272	429
6.	ਪੇਡ-ਅਪ ਇਕਵਿਟੀ ਸ਼ੇਅਰ ਪੂੰਜੀ (ਅੰਕਿਤ ਮੁੱਲ ₹10/-)						480
7.	ਹੋਰ ਇਕਵਿਟੀ	-	-	-	-	-	4132
8.	ਟੈਕਸ ਤੋਂ ਬਾਅਦ ਸ਼ੁੱਧ ਲਾਭ 'ਤੇ ਪ੍ਰਤੀ ਸ਼ੇਅਰ ਕਮਾਈ (ਸਾਲਾਨਾ ਨਹੀਂ) - ਬੇਸਿਕ	₹4.39	₹4.28	₹3.87	₹8.67	₹5.66	₹8.95
	- ਡਾਈਲਿਊਟਿਡ	₹4.39	₹4.28	₹3.87	₹8.67	₹5.66	₹8.95

ਨੋਟ:
1. ਉਪਰੋਕਤ ਵਿੱਤੀ ਨਤੀਜਿਆਂ ਦੀ ਆਡਿਟ ਕਮੇਟੀ ਵਲੋਂ ਸਮੀਖਿਆ ਕੀਤੀ ਗਈ ਅਤੇ ਇਸ ਤੋਂ ਬਾਅਦ 12 ਨਵੰਬਰ, 2026 ਨੂੰ ਗਾਜ਼ੀਆਬਾਦ ਵਿਖੇ ਹੋਈ ਡਾਇਰੈਕਟਰਾਂ ਦੇ ਬੋਰਡ ਦੀ ਮੀਟਿੰਗ ਵਿੱਚ ਇਨ੍ਹਾਂ ਨੂੰ ਮਨਜ਼ੂਰੀ ਦਿੱਤੀ ਗਈ। ਵਿਧਾਨਕ ਆਡਿਟਰਾਂ ਵਲੋਂ ਉਪਰੋਕਤ ਵਿੱਤੀ ਨਤੀਜਿਆਂ ਦੀ ਸੀਮਤ ਸਮੀਖਿਆ ਕੀਤੀ ਗਈ ਹੈ।
2. ਉਪਰੋਕਤ ਸੇਬੀ (ਸੂਚੀਕਰਨ ਜ਼ਿੰਮੇਵਾਰੀਆਂ ਅਤੇ ਖੁਲਾਸਾ ਜ਼ਰੂਰਤਾਂ) ਨਿਯਮ, 2015 ਦੇ ਨਿਯਮ 33 ਦੇ ਤਹਿਤ ਸਟਾਕ ਐਕਸਚੇਂਜ ਕੋਲ ਦਾਇਰ ਕੀਤੇ ਗਏ ਤਿਮਾਹੀ ਵਿੱਤੀ ਨਤੀਜਿਆਂ ਦੇ ਵਿਸਤ੍ਰਿਤ ਫਾਰਮੇਟ ਦਾ ਇੱਕ ਸਾਰਾਂਸ਼ ਹੈ। ਤਿਮਾਹੀ ਵਿੱਤੀ ਨਤੀਜਿਆਂ ਦਾ ਪੂਰਾ ਫਾਰਮੇਟ ਸਟਾਕ ਐਕਸਚੇਂਜ ਦੀ ਵੈੱਬਸਾਈਟ www.bseindia.com ਅਤੇ ਕੰਪਨੀ ਦੀ ਵੈੱਬਸਾਈਟ https://salautomotive.in/quarterly-results/ 'ਤੇ ਉਪਲਬਧ ਹੈ। ਕੰਪਨੀ ਦੀ ਵੈੱਬਸਾਈਟ 'ਤੇ ਵਿੱਤੀ ਨਤੀਜਿਆਂ ਤੱਕ ਪਹੁੰਚ ਕਰਨ ਲਈ ਹੇਠਾਂ ਦਿੱਤੇ ਕਿਊ ਆਰ ਕੋਡ ਨੂੰ ਸਕੈਨ ਕਰੋ।

ਸਥਾਨ: ਗਾਜ਼ੀਆਬਾਦ
www.salautomotive.in
ਰਮਾ ਕਾਂਤ ਸ਼ਰਮਾ (ਮੈਨੇਜਿੰਗ ਡਾਇਰੈਕਟਰ)